ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਵਿਸ਼ਾ:- ਵੱਖ-ਵੱਖ ਕਾਡਰਾਂ ਵਿੱਚ ਪਦ-ਉਨਤੀਆਂ ਲਈ ਨਿਰਧਾਰਤ ਕੀਤਾ ਤਜਰਬਾ ਘਟਾਉਣ ਸਬੰਧੀ।

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਸਬੰਧੀ ਇਸ ਵਿਭਾਗ ਵਲੋਂ ਜਾਰੀ ਅੰ.ਵਿ.ਪੱ.ਨੰ: 9/6/2019-5ਪੀ.ਪੀ.1/1546227/1 ਮਿਤੀ 08.08.2019 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਮੰਤਰੀ ਪ੍ਰੀਸ਼ਦ ਵਲੋਂ ਲਏ ਗਏ ਫੈਸਲੇ ਮਿਤੀ 24.07.2019 ਅਨੁਸਾਰ ਪ੍ਰਸੋਨਲ ਵਿਭਾਗ ਵਲੋਂ ਵਿਭਾਗੀ ਸੇਵਾ ਨਿਯਮਾਂ ਵਿੱਚ ਵੱਖ-ਵੱਖ ਕਾਡਰਾਂ ਲਈ ਪਦਉੱਨਤੀ ਸਬੰਧੀ ਸੇਵਾ ਤਜਰਬਾ ਘਟਾਉਣ ਬਾਰੇ ਪੱਤਰ ਨੰ: 9/6/2019-5ਪੀ.ਪੀ.1/1546227/1 ਮਿਤੀ 08.08.2019 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਸ ਉਪਰੰਤ ਵਿਭਾਗੀ ਸੇਵਾ ਨਿਯਮਾਂ ਦੀ ਬਣਤਰ/ਸੋਧ ਸਬੰਧੀ ਡਿਟੇਲਡ ਗਾਈਡਲਾਈਨਜ਼ ਪੱਤਰ ਨੰ: 17/1/2021-4ਪੀ.ਪੀ.1/370 ਮਿਤੀ 20.06.2022 ਅਤੇ ਇਸ ਉਪਰੰਤ ਪੱਤਰ ਨੰ: 17/1/2021-4PP1(PF)/722 ਮਿਤੀ 15.12.2022 ਰਾਹੀਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਜਿਨ੍ਹਾਂ ਦੇ ਸਨਮੁੱਖ ਪ੍ਰਬੰਧਕੀ ਵਿਭਾਗਾਂ ਵਲੋਂ ਆਪਣੇ ਵਿਭਾਗੀ ਸੇਵਾ ਨਿਯਮਾਂ ਦੀ ਬਣਤਰ/ਸੋਧ ਦੀਆਂ ਤਜਵੀਜ਼ਾਂ ਪ੍ਰਸੋਨਲ ਵਿਭਾਗ ਨੂੰ ਭੇਜੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਹੋਰ ਸੋਧਾਂ ਦੇ ਨਾਲ-ਨਾਲ ਤਜਰਬਾ ਘਟਾਉਣ ਦੀਆਂ ਤਜਵੀਜ਼ਾਂ ਵੀ ਸ਼ਾਮਲ ਹੁੰਦੀਆਂ ਹਨ। **ਇਸ ਲਈ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਪੱਤਰ ਮਿਤੀ 08.08.2019 ਦੀ ਬਜਾਏ ਹੁਣ ਪੱਤਰ ਨੰ: 17/1/2021-4PP1(PF)/722 ਮਿਤੀ 15.12.2022 ਵਿੱਚ ਨਿਰਧਾਰਤ ਪ੍ਰੋਸੀਜ਼ਰ ਅਨੁਸਾਰ, ਵਿਭਾਗੀ ਸੇਵਾ ਨਿਯਮਾਂਵਲੀਆਂ ਦੀ ਬਣਤਰ/ਸੋਧ ਕਰਨ ਦੇ ਮਾਮਲੇ ਮੰਤਰੀ ਪ੍ਰੀਸ਼ਦ ਦੇ ਸਨਮੁੱਖ ਪੇਸ਼ ਕੀਤੇ ਜਾਣ।**

3. ਇਸ ਮਾਮਲੇ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ,
ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 9/6/2019-5ਪੀ.ਪੀ.1/ 15 ਮਿਤੀ, ਚੰਡੀਗੜ੍ਹ: 15-01-2024

File No. I.D No. 17/12/2023-4PP2(1PP2) /38
GOVERNMENT OF PUNJAB
DEPARTMENT OF PERSONNEL
(Personnel Policies-II Branch)

Dated, Chandigarh 29/1/24

To

All Heads of Departments,
Registrar, Punjab & Haryana High Court,
Commissioners of Divisions,
District and Session Judges and
All Deputy Commissioners in the State

Sub: **Grant of compassionate appointment in the State Services Group C and D Policy regarding.**

****

I am directed to refer to the Punjab Government letter No. 11/105/98-4PPII/14420, dated 21.11.2002 on the subject cited above and to inform that the State Govt. have decided to amend the provisions in NOTE 1 (c) of para 3 of above instructions which will now be read as:-

NOTE 1 Dependent Family Member means:-

(c) Daughter (including Adopted Daughter); or

The remaining shall be read as such.

2 These changes in the policy instructions referred to above may kindly be brought to the notice of all concerned for meticulous compliance.

Superintendent

A Copy is forwarded to all the Special/Additional Chief Secretaries/ Financial Commissioners/Principal Secretaries and Secretaries to the Government of Punjab for information and necessary action.

Superintendent

To

All the Special/Additional Chief Secretaries/
Financial Commissioners/Principal Secretaries and Secretaries to the Government of Punjab for information and necessary action.

I.D No. 17/12/2023-4PP2(1PP2) /39 Dated, Chandigarh: 29/1/24

**GOVERNMENT OF PUNJAB**
**DEPARTMENT OF PERSONNEL**
**(PERSONNEL POLICIES-3 BRANCH)**

**NOTIFICATION**

No. 10/11/2022-3PP3/९० Dated, Chandigarh the २९-१-२०२४

In exercise of the powers conferred under Article 316 (1) of the Constitution of India, the Governor of Punjab is pleased to appoint Sh. Jatinder Singh Aulakh, #129, Sector-8A, Near Park, Chandigarh, Pin code-160009 as Chairman of the Punjab Public Service Commission from the date he assumes charge of his office.

2. The services of Sh. Jatinder Singh Aulakh shall be governed by the Punjab Public Service Commission (Conditions of Service) Regulations, 1958 as amended from time to time.

Dated, Chandigarh the
29th January, 2024

ANURAG VERMA
Chief Secretary to Govt. of Punjab

Endst.No. 10/11/2022-3PP3/ Dated, Chandigarh the

A copy is forwarded to the Controller, Printing & Stationery, Punjab with the request that the above notification may be published in the next issue of the Punjab Government (Extra Ordinary) Gazette and fifty copies thereof be supplied to this Department.

Secretary Personnel

No. 10/11/2022-3PP3/९६ Dated, Chandigarh the २९-१-२०२४

A copy is forwarded to the following for information and necessary action:

1. Sh. Jatinder Singh Aulakh, #129, Sector-8A, Near Park, Chandigarh, Pin code-160009.
2. Special Chief Secretary to Chief Minister, Punjab, Chandigarh.
3. Additional Chief Secretary to Governor, Punjab, Chandigarh.
4. Private Secretary to Chief Secretary, Punjab, Chandigarh.
5. Secretary, Punjab Public Service Commission, Patiala.
6. Accountant General (Audit), Punjab, Chandigarh.
7. Accountant General (A&E), Punjab, Chandigarh.

Secretary Personnel

ਨੰ: 12/23/2023-1ਪੀਪੀ2/43 5

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.-2 ਸਾਖਾ)

ਮਿਤੀ:ਚੰਡੀਗੜ੍ਹ: 30/1/24

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਡਵੀਜਨਾਂ ਦੇ ਕਮਿਸ਼ਨਰ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫਸਰ( ਸਿਵਲ), ਪੰਜਾਬ ਰਾਜ।

ਵਿਸਾ:- ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੀਆਂ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਟਾਈਪ ਟੈਸਟ ਪਾਸ ਕਰਨ ਤੋਂ ਛੋਟ ਦੇਣ ਸਬੰਧੀ।

******

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੇ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਪਹਿਲਾ ਹੀ ਤਰਸ ਦੇ ਆਧਾਰ ਤੇ ਨਿਯੁਕਤ ਹੋਣ ਲਈ 50 ਸਾਲ ਦੀ ਉਮਰ ਤੱਕ ਛੋਟ ਦਿੱਤੀ ਹੋਈ ਹੈ ਜਿਸ ਕਾਰਨ ਕਈ ਵਾਰ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਆਪਣੀ ਵਿਦਿੱਅਕ ਯੋਗਤਾ ਦੇ ਆਧਾਰ ਤੇ ਮਜਬੂਰੀ ਵਸ਼ ਕਾਫੀ ਲੇਟ ਸਟੇਜ ਤੇ ਗਰੁੱਪ-ਸੀ ( ਕਲਰਕ) ਦੀ ਨੌਕਰੀ ਕਰਨੀ ਪੈਂਦੀ ਹੈ । ਉਨ੍ਹਾਂ ਨੂੰ ਇਸ ਸਟੇਜ ਤੇ ਜਾ ਕੇ ਨਿਰਧਾਰਤ ਸਪੀਡ ਤੇ ਟਾਈਪ ਟੈਸਟ ਪਾਸ ਕਰਨ ਵਿੱਚ ਕਾਫੀ ਦਿੱਕਤ ਪੇਸ਼ ਆਉਂਦੀ ਹੈ ਜਿਸ ਕਾਰਨ ਉਨ੍ਹਾਂ ਨੂੰ ਮਾਨਸਿਕ ਅਤੇ ਵਿੱਤੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਦੇ ਇਨ੍ਹਾਂ ਤਰਸਯੋਗ ਹਾਲਾਤਾਂ ਨੂੰ ਵੇਖਦੇ ਹੋਏ ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੇ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਟਾਈਪ ਟੈਸਟ ਪਾਸ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ।

2. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

3. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

4. ਇਹ ਹਦਾਇਤਾਂ ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਜੀ।

ਵਿਸ਼ਵਾਸਪਾਤਰ

ਸੁਪਰਡੰਟ

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿਸ਼ੇਸ ਮੁੱਖ ਸਕੱਤਰ,
ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ,ਪੰਜਾਬ ਰਾਜ।

ਅੰ:ਵਿ:ਨੰ: 12/23/2023-1ਪੀਪੀ2|੫੫ ਮਿਤੀ:ਚੰਡੀਗੜ੍ਹ: 30|1|੨੫

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.-3 ਸ਼ਾਖਾ)

ਵਿਸ਼ਾ:- ਪੰਜਾਬ ਲੋਕ ਸੇਵਾ ਕਮਿਸ਼ਨ ਵਿਖੇ ਚੇਅਰਮੈਨ ਅਤੇ ਮੈਂਬਰਾਂ ਦੀ ਭਰਤੀ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਪ੍ਰਸ਼ਾਸਨਿਕ ਗਾਈਡਲਾਇਨਜ਼ ਮਿਤੀ: 19.06.2023 ਸਬੰਧੀ।

***

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 10/10/2022-3ਪੀਪੀ3/416 ਮਿਤੀ: 19.06.2023 ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਵਿਖੇ ਚੇਅਰਮੈਨ ਅਤੇ ਮੈਂਬਰਾਂ ਦੀ ਭਰਤੀ ਸਬੰਧੀ ਜਾਰੀ ਪ੍ਰਸ਼ਾਸਨਿਕ ਗਾਈਡਲਾਇਨਜ਼ ਮਿਤੀ: 19.06.2023 ਦੇ Clause No. 6 ਨੂੰ ਹੇਠ ਲਿਖੇ ਅਨੁਸਾਰ ਪੜ੍ਹਿਆ ਜਾਵੇ:-

> "**For the Appointment of Member (Official):-** As nearly as may be one half of the members of Punjab Public Service Commission shall be persons who at the dates of their respective appointments have held office for at least ten years either under the Government of India or under the Government of State.
>
> And
>
> **For the Appointment of Member (Non-Official):-** The applicant should be person of eminence in public life with wide knowledge and experience in law, science and technology, social service, management, journalism, mass media, administration, governance or are educationists of repute or have obtained high academic distinction or are members of any other learned profession."

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੰ:ਨੰ: 10/12/2023-3ਪੀਪੀ3/ ੧੫੧ ਮਿਤੀ, ਚੰਡੀਗੜ੍ਹ: ੭-੨-੨੦੨੫

ਅੰ:ਵਿ:ਪੰ:ਨੰ: 10/12/2023-3ਪੀਪੀ3/੧੫੨-੧੫੮ ਮਿਤੀ, ਚੰਡੀਗੜ੍ਹ: ੭-੨-੨੦੨੫

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਸਕੱਤਰ/ਰਾਜਪਾਲ, ਪੰਜਾਬ।
2. ਵਿਸ਼ੇਸ਼ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
3. ਓ.ਐਸ.ਡੀ./ਮੁੱਖ ਸਕੱਤਰ, ਪੰਜਾਬ।
4. ਨਿੱਜੀ ਸਕੱਤਰ/ਸਕੱਤਰ, ਪ੍ਰਸੋਨਲ ਵਿਭਾਗ।
5. ਚੇਅਰਮੈਨ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
6. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।

ਅਧੀਨ ਸਕੱਤਰ, ਪ੍ਰਸੋਨਲ

Scanned by CamScanner

File No. PERS-PP-1015/8/2023-2PP1/143

ਪੰਜਾਬ ਸਰਕਾਰ

ਪਰਸੋਨਲ ਵਿਭਾਗ

(ਪਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ 21.03.2024

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜ਼ਨਾਂ ਦੇ ਕਮਿਸ਼ਨਰਜ਼,

ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,

ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆਂ /ਕਰਮਚਾਰੀਆਂ ਦੀ ਸਾਲਾਨਾਂ ਏ.ਪੀ.ਏ.ਆਰ ਦੀ ਸਮੇਂ ਸਾਰਣੀ (ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ ਅਥਾਰਟੀ ਸਮੇਤ ਸੈਲਫ ਅਪ੍ਰੇਜ਼ਲ ਭਰਨ) ਦਾ ਨਵਾਂ Standard ਸਮਾਂ ਨਿਸ਼ਚਿਤ ਕਰਨ ਸਬੰਧੀ।

......

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: PERS-PP-1015/8/2023-2PP1/538912 ਮਿਤੀ 05-04-2023 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਸਮੂਹ ਪੱਧਰ ਤੇ ਏ.ਪੀ.ਏ.ਆਰਜ਼ ਲਿਖਣ ਸਬੰਧੀ Standard ਸਮਾਂ ਸਾਰਣੀ ਜਾਰੀ ਕੀਤੀ ਹੋਈ ਹੈ ਜੋ ਕਿ ਹੇਠ ਮੁਤਾਬਿਕ ਦਰਸਾਈ ਜਾਂਦੀ ਹੈ:-

| ਲੜੀ ਨੰ: | ਏ.ਪੀ.ਏ.ਆਰ. ਲਿਖਣ ਦਾ ਪੱਧਰ | ਮਿਤੀ |
|---|---|---|
| 1. | ਏ.ਪੀ.ਏ.ਆਰ. ਭਰਨ ਲਈ ਪੋਰਟਲ ਖੋਲ੍ਹਣ ਦੀ ਮਿਤੀ | 01 ਅਪ੍ਰੈਲ ਤੋਂ |
| 2. | ਕਾਡਰ ਕੰਟਰੋਲਿੰਗ ਅਥਾਰਿਟੀ ਵੱਲੋਂ ਪ੍ਰੋਫਾਰਮਾ ਅਪਲੋਡ/ਏ.ਪੀ.ਏ.ਆਰ. initiate ਕਰਨ ਦੀ ਮਿਤੀ | 10 ਅਪ੍ਰੈਲ ਤੱਕ |
| 3. | ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਏ.ਪੀ.ਏ.ਆਰ. ਭਰਨ ਉਪਰੰਤ ਰਿਪੋਰਟਕਰਤਾ ਅਧਿਕਾਰੀ ਨੂੰ ਭੇਜਣ/ਡਿਪਟੀ ਕਮਿਸ਼ਨਰ ਨੂੰ ਬਤੌਰ ਰਿਪੋਰਟਕਰਤਾ ਅਧਿਕਾਰੀ ਭੇਜਣ ਦੀ ਮਿਤੀ | 30 ਅਪ੍ਰੈਲ ਤੱਕ |
| 4. | ਡਿਪਟੀ ਕਮਿਸ਼ਨਰ ਵੱਲੋਂ ਬਤੌਰ ਰਿਪੋਰਟਕਰਤਾ ਅਧਿਕਾਰੀ ਭਾਗ-3 ੳ ਤੇ ਰਿਪੋਰਟ ਦਰਜ ਕਰਨ ਉਪਰੰਤ ਵਿਭਾਗੀ ਰਿਪੋਰਟਕਰਤਾ ਅਧਿਕਾਰੀ ਨੂੰ ਭੇਜਣ ਦੀ ਮਿਤੀ | 30 ਮਈ ਤੱਕ |
| 5. | ਵਿਭਾਗੀ ਰਿਪੋਰਟਕਰਤਾ ਅਧਿਕਾਰੀ ਵੱਲੋਂ ਆਪਣੀ ਰਿਪੋਰਟ ਭਾਗ-3 ਅ ਅਤੇ ਭਾਗ-4 ਮੁਕੰਮਲ ਕਰਨ ਉਪਰੰਤ ਰਿਵਿਊਕਰਤਾ ਅਧਿਕਾਰੀ ਨੂੰ ਭੇਜਣ ਦੀ ਮਿਤੀ | 30 ਜੂਨ ਤੱਕ |
| 6. | ਰਿਵਿਊਕਰਤਾ ਅਧਿਕਾਰੀ ਵੱਲੋਂ ਰਿਪੋਰਟ ਰਿਵਿਊ ਕਰਨ ਦੀ ਮਿਤੀ | 15 ਅਗਸਤ ਤੱਕ |
| 7. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਮਿਤੀ | 30 ਸਤੰਬਰ ਤੱਕ |

2. ਪ੍ਰਸੋਨਲ ਵਿਭਾਗ ਵੱਲੋਂ ਪੱਤਰ ਮਿਤੀ 05.04.2023 ਰਾਹੀਂ ਪਹਿਲਾਂ ਜਾਰੀ ਕੀਤੀ ਇਹ Standard ਸਮਾਂ ਸਾਰਣੀ ਇਸ ਵਿੱਤੀ ਸਾਲ 2024-25 ਲਈ ਵੀ ਲਾਗੂ ਹੋਵੇਗੀ। ਆਪਣੇ ਅਧੀਨ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼, ਇਸ ਨਿਰਧਾਰਤ ਸਮਾਂ ਸਾਰਣੀ ਅਨੁਸਾਰ ਹੀ ਭਰਨਾ ਯਕੀਨੀ ਬਣਾਇਆ ਜਾਵੇ। ਇਸ ਸਮਾਂ ਸਾਰਣੀ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਲੈਣ ਤੋਂ ਗੁਰੇਜ਼ ਕੀਤਾ ਜਾਵੇ।

ਅਧੀਨ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅੰ.ਵਿ.ਪੱ.ਨੰ: ਨੰ: PERS-PP-1015/8/2023-2PP1/144 ਮਿਤੀ, ਚੰਡੀਗੜ੍ਹ: 21.03.2024

ਪਿ.ਅੰ.ਨੰ: ਨੰ: PERS-PP-1015/8/2023-2PP1/145 ਮਿਤੀ, ਚੰਡੀਗੜ੍ਹ: 21.03.2024

ਉਕਤ ਦਾ ਇੱਕ ਉਤਾਰਾ ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ